[This question paper contains 2 printed pages.]

**Your Roll No...............**

**Sr. No. of Question Paper : 2577** **HC**

Unique Paper Code : 72122803

Name of the Paper : Punjabi – C

Name of the Course : **AECC**

Semester : I

Duration : 3 Hours Maximum Marks : 75

**Instructions for Candidates**

Write your Roll No. on the top immediately on receipt of this question paper.

**ਨੋਟ :** ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1. 'ਬਾਤਾਂ ਮੁੱਢ ਕਦੀਮ ਦੀਆਂ' ਪੁਸਤਕ ਦੇ ਆਧਾਰ 'ਤੇ ਲੋਕ ਕਥਾ ਦੀ ਪਰਿਭਾਸ਼ਾ ਲਿਖੋ ਅਤੇ ਕਿਸੇ ਇੱਕ ਕਥਾ ਬਾਰੇ ਚਰਚਾ ਵੀ ਕਰੋ। 15

ਜਾਂ

ਚਲਿਤ੍ਰ ਕਥਾਵਾਂ ਕਿਸ ਨੂੰ ਕਹਿੰਦੇ ਹਨ ? ਆਪਣੀ ਪਾਠ ਪੁਸਤਕ ਵਿਚਲੀਆਂ ਚਲਿਤ੍ਰ ਕਥਾਵਾਂ ਬਾਰੇ ਭਰਪੂਰ ਚਰਚਾ ਕਰੋ।

2. ਹੇਠ ਲਿਖੀਆਂ ਕਥਾਵਾਂ ਵਿਚੋਂ ਕਿਸੇ ਇਕ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ : 10

ੳ) ਹੱਕ ਨਿਆਂ ਦੀ ਰੋਟੀ

ਅ) ਜਦੋਂ ਕੋਈ ਰੱਜਦਾ ਨਹੀਂ

ੲ) ਰਲ ਬੈਠਣ ਦੀ ਬਰਕਤ

3. ੳ) ਹੇਠ ਦਿੱਤੇ ਅਗੇਤਰ ਲਾ ਕੇ ਦੋ-ਦੋ ਸ਼ਬਦ ਬਣਾਓ : 10

ਦੁਰ, ਉਪ, ਨਿਰ, ਬਦ, ਅੱਧ

ਅ) ਹੇਠ ਦਿੱਤੇ ਪਿਛੇਤਰ ਲਾ ਕੇ ਦੋ-ਦੋ ਸ਼ਬਦ ਬਣਾਓ :

ਖਾਨਾ, ਹੀਣ, ਈਨ, ਵੰਦ, ਵਾਲ

4. ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇਕ ਸ਼ਬਦ ਲਿਖੋ : 10

ੳ) ਬੰਗਾਲ ਦਾ ਰਹਿਣ ਵਾਲਾ

ਅ) ਉਹ ਥਾਂ ਜਿਥੇ ਪਹਿਲਵਾਨ ਖੇਲ ਕਰਦੇ ਹਨ

ੲ) ਜਿਹੜਾ ਦਿਲ ਦੀਆਂ ਜਾਣੇ

ਸ) ਉਹ ਗੱਲ ਜਿਹੜੀ ਆਪਣੇ ਆਪ ਨਾਲ ਬੀਤੀ ਹੋਵੇ

ਹ) ਜਿਸਦੀ ਕੋਈ ਔਲਾਦ ਨਾ ਹੋਵੇ

ਕ) ਜਿਸ ਨੇ ਧਰਮ ਹਿਤ ਜਾਨ ਦਿੱਤੀ ਹੋਵੇ

ਖ) ਕਹਾਣੀਆਂ ਲਿਖਣ ਵਾਲਾ

ਗ) ਮੌਤ ਤੋਂ ਬਾਅਦ ਜਾਇਦਾਦ ਸੰਬੰਧੀ ਲਿਖਤ

ਘ) ਜਿਸ ਦੇ ਮਾਪੇ ਮਰ ਗਏ ਹੋਣ

ਙ) ਹੋਰਨਾਂ ਦੀ ਵੇਖਾ-ਵੇਖੀ ਕੰਮ ਕਰਨਾ

5. ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰਕੇ ਲਿਖੋ : 10

ਵਿਸ਼ਵ ਸ਼ਾਂਤੀ ਸਥਾਪਤ ਕਰਨ ਦੇ ਰਾਹ ਵਿਚ ਪਹਿਲੀ ਅੜਚਨ ਤਾਂ ਇਹ ਹੈ ਕਿ ਦੁਨੀਆ ਦੇ ਸਭ ਦੇਸ਼ਾਂ ਨੂੰ ਇਕੋ ਵਾਰੀ ਤੇ ਇਕੱਠਿਆਂ ਹੀ ਅਹਿੰਸਾ ਲਈ ਮਨਾਇਆ ਨਹੀਂ ਜਾ ਸਕਦਾ। ਜੇ ਇਕ ਦੇਸ਼ ਅਹਿੰਸਾ ਦਾ ਅਸੂਲ ਅਪਣਾ ਲਏ ਤਾਂ ਉਸ ਦਾ ਗਵਾਂਢੀ ਝੱਟ ਉਸ ਉਤੇ ਕਬਜ਼ਾ ਕਰ ਲਵੇਗਾ। ਦੂਜੇ ਮਹਾਂ-ਯੁੱਧ ਵਿਚ ਦੇਖਿਆ ਗਿਆ ਹੈ ਕਿ ਐਬੇਸੀਨੀਆ ਦਾ ਦੇਸ਼ ਲੜਾਈ ਲਈ ਤਿਆਰ ਨਹੀਂ ਸੀ। ਉਸ ਦੀ ਕਮਜ਼ੋਰੀ ਤੋਂ ਲਾਭ ਉਠਾ ਕੇ ਇਟਲੀ ਨੇ ਉਸ ਦਾ ਸਾਰਾ ਇਲਾਕਾ ਹੜੱਪ ਕਰ ਲਿਆ ਅਤੇ ਜਪਾਨ ਨੇ ਚੀਨ ਦੀ ਕਮਜ਼ੋਰੀ ਤੋਂ ਫਾਇਦਾ ਉਠਾ ਕੇ ਚੀਨ ਦੇ ਕਈ ਸੂਬਿਆਂ ਉਤੇ ਕਈ ਸਾਲ ਅਧਿਕਾਰ ਜਮਾਈ ਰੱਖਿਆ ਸੀ। ਇਹਨਾਂ ਉਦਾਹਰਣਾਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸਦੀਵੀ ਜੰਗੀ ਤਿਆਰੀ ਰੱਖਣ ਨਾਲ ਹੀ ਕਿਸੇ ਦੇਸ਼ ਦੀ ਸਦੀਵੀ ਅਜ਼ਾਦੀ ਬਣੀ ਰਹਿ ਸਕਦੀ ਹੈ।

6. ਵਿਸ਼ਰਾਮ ਚਿੰਨ੍ਹ ਕਿੰਨੀ ਪ੍ਰਕਾਰ ਦੇ ਹੁੰਦੇ ਹਨ ? ਉਨ੍ਹਾਂ ਦੇ ਨਾਂ ਚਿੰਨ੍ਹਾਂ ਸਹਿਤ ਲਿਖੋ। 10

7. ਹੇਠ ਲਿਖੇ ਸ਼ਬਦਾਂ ਨੂੰ ਪੰਜਾਬੀ ਵਿਚ ਅਨੁਵਾਦ ਕਰੋ : 10

Vowel, Finance, Poetry, Allowance, Attendance, Capital, Applicant, Censes, Destination, Symbol